# **ਸ੍ਰੀ ਗੁਰੂ ਗ੍ਰੰਥ ਸਾਹਿਬ :ਸੰਕਲਨ (compilation)ਅਤੇ ਸੰਪਾਦਨ (editing)**

## **ਪਾਠ (lesson) ਦਾ ਉਦੇਸ਼**

ਇਸ ਪਾਠ (lesson) ਦਾ ਉਦੇਸ਼ ਸਿਖ ਅਧਿਐਨ ਵਿਚ ਮਾਸਟਰ ਪਧਰ ਦੇ ਵਿਦਿਆਰਥੀਆਂ ਨੂੰ ਗੁਰੂ ਗ੍ਰੰਥ ਸਾਹਿਬ ਦੇ ਸੰਕਲਨ (compilation) ਅਤੇ ਸੰਪਾਦਨ (editing) ਬਾਰੇ ਮੁਢਲੀ ਜਾਣਕਾਰੀ ਦੇਣਾ ਹੈ, ਇਸ ਲਈ ਇਸ ਪਾਠ ਵਿਚ ਉਹੀ ਪਹਿਲੂ ਸ਼ਾਮਿਲ ਕੀਤੇ ਹਨ ਜੋ ਇਕ ਪਾਸੇ ਵਿਦਿਆਰਥੀਆਂ ਦੇ ਪਾਠ-ਕ੍ਰਮ ਦੀ ਪੂਰਤੀ ਕਰਦੇ ਹਨ ਤੇ ਦੂਜੇ ਪਾਸੇ ਗੁਰਬਾਣੀ ਦੇ ਵਿਭਿੰਨ ਪਖਾਂ ਦੀ ਸੋਝੀ ਕਰਵਾ ਕੇ ਉਨ੍ਹਾਂ ਨੂੰ ਉਚੇਰੇ ਅਧਿਐਨ ਲਈ ਪ੍ਰੇਰਿਤ ਕਰਦੇ ਹਨ।ਸੋ ਇਸ ਪਾਠ ਵਿਚ ਗੁਰਬਾਣੀ ਦੇ ਸੰਕਲਨ ਇਤਿਹਾਸ, ਸੰਪਾਦਨ ਵਿਧੀ ਤੇ ਗੁਰਬਾਣੀ ਦੇ ਸਰੂਪ (nature) ਨੂੰ ਸਮਝਣ ਦਾ ਜਤਨ ਕੀਤਾ ਹੈ।ਇਸ ਤੋਂ ਇਲਾਵਾ ਗੁਰਬਾਣੀ ਸੰਬੰਧੀ ਹੋਰ ਸੰਬੰਧਿਤ ਲੋੜੀਂਦੀ ਜਾਣਕਾਰੀ ਵੀ ਦਿਤੀ ਗਈ ਹੈ। ਬੋਲੀ-ਸ਼ੈਲੀ ਸਰਲ ਤੇ ਸਪਸ਼ਟ ਰਖਣ ਦੀ ਕੋਸ਼ਿਸ਼ ਕੀਤੀ ਹੈ।

## **ਸੰਕਲਨ (compilation)**

ਗੁਰਬਾਣੀ ਸੰਕਲਨ ਦੇ ਸੰਕਲਪ ਦਾ ਸੰਬੰਧ ਇਤਿਹਾਸ ਨਾਲ ਹੈ ਅਤੇ ਇਹ ਇਸ ਸਵਾਲ ਨਾਲ ਸੰਬੰਧ ਰਖਦਾ ਹੈ ਕਿ ਗੁਰਬਾਣੀ, ਗੁਰੂ ਅਰਜਨ ਦੇਵ ਜੀ ਤਕ ਕਿਵੇਂ ਪਹੁੰਚੀ ?

ਬਾਣੀ ਉਚਾਰਨ, ਸੰਭਾਲਣ ਤੇ ਸੰਗ੍ਰਹਿਤ ਕਰਨ ਦਾ ਕਾਰਜ ਗੁਰੂ ਨਾਨਕ ਦੇਵ ਜੀ ਨੇ ਹੀ ਸ਼ੁਰੂ ਕਰ ਦਿਤਾ ਸੀ। ਗੁਰੂ ਜੀ ਜਦੋਂ ਉਦਾਸੀਆਂ (ਪ੍ਰਚਾਰ ਸਫਰ) ਦੌਰਾਨ ਬਾਣੀ ਦਾ ਉਚਾਰਨ ਕਰਦੇ ਸਨ ਤਾਂ ਜਿਥੇ ਆਪਣੀ ਬਾਣੀ ਆਪ ਲਿਖ ਕੇ ਸੰਭਾਲਣ ਲਈ ਪੂਰੀ ਤਰ੍ਹਾਂ ਚੇਤੰਨ ਸਨ (*ਲਿਖੇ ਬਾਝਹੁ ਸੁਰਤਿ ਨਾਹੀ ਬੋਲਿ ਬੋਲਿ ਗਵਾਈਐ॥* ਵਡਹੰਸੁ ਮ: ੧, ੫੬੬), ਉਥੇ ਆਪ ਨਾਲ ਕੁਝ ਲਿਖਾਰੀ-ਭਾਈ ਸੀਹਾਂ ਛੀਬਾ, ਹਸੂ ਲੁਹਾਰ, ਸੈਦੋ ਘੇਹੋ ਆਦਿ ਵੀ ਹੁੰਦੇ ਸਨ, ਉਦਾਹਰਨ ਲਈ ਜਦੋਂ ਗੁਰੂ ਜੀ ਨੇ ਦਖਣ ਦੀ ਉਦਾਸੀ ਸਮੇਂ ਮਛਿੰਦਰ ਆਦਿਕ ਸਿਧਾਂ ਨਾਲ ਗੋਸਟਿ ਕੀਤੀ ਤਾਂ ਉਚਰੀ ਗਈ ਬਾਣੀ ਭਾਈ ਸੈਦੋ ਘੇਹੋ ਨੇ ਲਿਖੀ : "ਗੋਸਟਿ ਮਛਿੰਦ੍ਰ ਨਾਲਿ ਸੰਪੂਰਨ ਹੋਈ [ਤਬ ਉਚਰੀ ਗਈ] ਬਾਣੀ ਸੈਦੋ ਜਾਤ ਘੇਹੋ ਲਿਖੀ" (*ਪੁਰਾਤਨ ਜਨਮਸਾਖੀ,* ਸਾਖੀ ੪੬)। 'ਧਨਾਸਰੀ ਦੇਸ' ਵਿਖੇ "ਏਹ ਵਾਰ ਹੋਈ ਸਾਪੂਰਨ ਮਾਝ ਕੀ ਤਦਹੁੰ ਸੈਦੋ ਘੇਹੋ ਲਿਖੀ..." (*ਉਹੀ,* ੪੨)।'ਤ੍ਰਿਤੀਆ ਉਦਾਸੀ' ਵੇਲੇ ਜਦੋਂ ਗੁਰੂ ਜੀ ਸਾਥੀਆਂ ਸਮੇਤ ਕਸ਼ਮੀਰ ਗਏ ਤਾਂ ਉਥੇ ਉਨ੍ਹਾਂ ਦੀ ਮੁਲਾਕਾਤ ਪੰਡਿਤ ਬ੍ਰਹਮਦਾਸ ਨਾਲ ਹੋਈ, ਗੋਸਟਿ ਦੌਰਾਨ "ਤਿਤੁ ਮਹਿਲ {ਮਲਾਰ ਕੀ } ਵਾਰ ਹੋਈ... ਤਤੁ ਬਾਣੀ ਹਸੂ ਲੁਹਾਰ ਅਤੈ ਸੀਹੈ ਛੀਬੈ ਲਿਖੀ" (*ਪੁਰਾਤਨ ਜਨਮਸਾਖੀ,* ੪੯)।

ਭਾਈ ਗੁਰਦਾਸ ਜੀ ਦੇ ਕਥਨ (*ਆਸਾ ਹਥਿ ਕਿਤਾਬ ਕਛਿ...*੧/੩੨) ਅਨੁਸਾਰ ਜਦੋਂ ਆਪ ਮਕੇ ਵਿਚ ਇਸਲਾਮ ਦੇ ਵਿਦਵਾਨ ਇਮਾਮਾਂ, ਉਲਮਾ ਆਦਿ ਨਾਲ ਸੰਵਾਦ (ਗੋਸਟਿ) ਕਰਨ ਗਏ ਤਾਂ ਉਨ੍ਹਾਂ ਕੋਲ ਬਾਣੀ ਸੰਗ੍ਰਹਿ ਸੰਭਾਲਿਆ ਹੋਇਆ ਸੀ। ਜੀਵਨ ਦੇ ਆਖਰੀ ਵਰ੍ਹੇ ਜਦੋਂ ਆਪ ਕਰਤਾਰਪੁਰ ਵਿਖੇ ਟਿਕ ਗਏ ਤਾਂ ਸਿਖ ਵਿਦਵਤਾ ਦੀ ਪਹਿਲੀ ਟਕਸਾਲ ਇਥੇ ਬਧੀ ਗਈ, ਜਿਥੇ ਭਾਈ ਗੁਰਦਾਸ ਜੀ ਅਨੁਸਾਰ 'ਗਿਆਨੁ ਗੋਸਟਿ' ਦੀ 'ਚਰਚਾ ਸਦਾ' ਚਲਦੀ ਰਹਿੰਦੀ ਸੀ ਤੇ ਬਹੁਤ ਸਾਰੀ ਬਾਣੀ ਇਥੇ ਉਚਾਰੀ ਤੇ ਸੰਗ੍ਰਹਿਤ ਕੀਤੀ ਗਈ (*ਫਿਰਿ ਬਾਬਾ ਆਇਆ ਕਰਤਾਰਪੁਰਿ... ਬਾਣੀ ਮੁਖਹੁ ਉਚਾਰੀਐ... ਗਿਆਨ ਗੋਸਟਿ ਚਰਚਾ ਸਦਾ...*੧/੨੮)। ਲਾਹੌਰ ਦਾ ਰਹਿਣ ਵਾਲਾ ਭਾਈ ਮਨਸੁਖ ਗੁਰੂ ਨਾਨਕ ਦੇਵ ਜੀ ਕੋਲ ਕਰਤਾਰਪੁਰ ਵਿਖੇ ਤਿੰਨ ਸਾਲ ਰਿਹਾ, ਜਿਸਨੇ ਬਾਣੀ ਪੋਥੀਆਂ ਲਿਖਣ ਦੀ ਸੇਵਾ ਨਿਭਾਈ: "ਤਬ ਉਸ ਬਾਣੀਐ [ਭਾਈ ਮਨਸੁਖ] ਕੀ ਨਿਸਾ ਭਈ॥...ਤੀਨ ਬਰਸ ਬਾਬੇ ਕੋਲ ਰਹਿਆ॥...ਗੁਰੂ ਬਾਬੇ ਦੀ ਬਾਣੀ ਬਹੁਤ ਲਿਖੀਅਸੁ॥ ਪੋਥੀਆ ਲਿਖ ਲੀਤੀਓਸੁ॥(*ਪੁਰਾਤਨ ਜਨਮਸਾਖੀ*, ੪੧)।ਕਰਤਾਰਪੁਰ ਵਿਖੇ ਉਕਤ ਸਾਰੇ ਮਹਾਨ ਕਾਰਜ ਦੀ ਜ਼ਿੰਮੇਵਾਰੀ *ਮਹਿਮਾ ਪ੍ਰਕਾਸ਼ ਵਾਰਤਕ* (ਸਾਖੀ 22) ਅਨੁਸਾਰ ਭਾਈ ਲਹਣਾ (ਗੁਰੂ ਅੰਗਦ ਦੇਵ) ਜੀ ਨੇ ਸੰਭਾਲੀ ਹੋਈ ਸੀ। ਇਸੇ ਸੰਭਾਲ ਸਦਕਾ ਹੀ ਅਗੇ ਜਾ ਕੇ ਗੁਰੂ ਗ੍ਰੰਥ ਸਾਹਿਬ ਦੀ ਆਦਿ ਬੀੜ ਸੰਪਾਦਿਤ ਹੋਈ, ਜਿਸ ਨੇ ਧਰਮ, ਇਤਿਹਾਸ, ਸਭਿਆਚਾਰ, ਕੌਮੀਅਤ ਆਦਿ ਦੇ ਕਈ ਅਧਿਆਇ ਸਿਰਜੇ।

ਜਦੋਂ ਗੁਰੂ ਨਾਨਕ ਜੀ ਜੋਤੀ-ਜੋਤਿ ਸਮਾਏ ਤਾਂ ਆਪ ਨੇ 'ਸਲਾਮਤਿ ਥੀਵਦੈ' (*ਗੁਰ ਚੇਲੇ ਰਹਰਾਸਿ ਕੀਈ ਨਾਨਕਿ ਸਲਾਮਤਿ ਥੀਵਦੈ॥* ਰਾਮਕਲੀ ਕੀ ਵਾਰ, ਪੰਨਾ ੯੬੬) ਹੀ ਭਾਈ ਲਹਣਾ ਜੀ ਨੂੰ ਬਾਣੀ-ਸੰਗ੍ਰਹਿ ਦੀ ਪੋਥੀ  ਗੁਰਿਆਈ ਸਮੇਂ ਸੌਂਪ ਦਿਤੀ ਸੀ (*ਸੋ ਪੋਥੀ ਜੋ ਬਾਨਿ ਗੁਰੂ ਅੰਗਦ ਜੋਗ ਮਿਲੀ, ਪੁਰਾਤਨ ਜਨਮਸਾਖੀ*, ਸਾਖੀ ੫੭)।

ਗੁਰੂ ਅੰਗਦ ਦੇਵ ਜੀ ਨੇ ਗੁਰਿਆਈ ਦੀ ਸੇਵਾ ਸੰਭਾਲਣ ਉਪਰੰਤ ਗੁਰੂ ਨਾਨਕ ਜੀ ਦੁਆਰਾ ਸਥਾਪਿਤ ਸੰਸਥਾਵਾਂ ਨੂੰ ਉਸੇ ਰੂਪ ਵਿਚ ਚਾਲੂ ਰਖਣ ਦੇ ਨਾਲ-ਨਾਲ ਗੁਰੂ ਨਾਨਕ-ਸ਼ਰਨ ਵਿਚ ਸਿਰਜੀ ਗੁਰਮੁਖੀ ਲਿਪੀ ਦੇ ਪ੍ਰਚਾਰ-ਪ੍ਰਸਾਰ ਵਲ ਵਿਸ਼ੇਸ਼ ਧਿਆਨ ਦਿਤਾ। ਡਾ. ਲਾਇਟਨਰ (Leitner) ਅਨੁਸਾਰ ਗੁਰੂ ਅੰਗਦ ਜੀ ਨੇ ਬੱਚਿਆਂ ਲਈ ਗੁਰਮੁਖੀ ਦੇ ਬਾਲ-ਬੋਧ ਤਿਆਰ ਕੀਤੇ/ਕਰਵਾਏ ਅਤੇ ਵਰਨਮਾਲਾ ਕ੍ਰਮਾਨੁਸਾਰ ਗੁਰੂ ਨਾਨਕ-ਬਾਣੀ ਵਿਚੋਂ ਨੀਤੀ-ਬਚਨ ਚੁਣ ਕੇ ਮਾਟੋ ਤਿਆਰ ਕੀਤੇ (*History of*

*Indigenous Education in the Punjab,* 1883, p. 29)। ਜਦੋਂ ਗੁਰੂ ਅੰਗਦ ਜੀ ਨੇ ਜੋਤੀ-ਜੋਤਿ ਸਮਾਉਣ ਵੇਲੇ ਗੁਰਿਆਈ ਗੁਰ ਅਮਰਦਾਸ ਜੀ ਨੂੰ ਸੌਂਪੀ ਤਾਂ ਨਾਲ ਹੀ ਗੁਰਬਾਣੀ ਸੰਗ੍ਰਹਿ ਵੀ ਸੌਂਪ ਦਿਤਾ।

ਗੁਰਬਾਣੀ ਪੋਥੀਆਂ ਲਿਖਣ-ਲਿਖਾਉਣ ਦਾ ਸਿਲਸਲਾ ਗੁਰੂ ਅਮਰਦਾਸ ਜੀ ਵੇਲੇ ਵੀ ਉਸੇ ਤਰ੍ਹਾਂ ਪਰੰਪਰਾ ਵਾਂਗ ਚਲਦਾ ਰਿਹਾ। ਗੋਇੰਦਵਾਲ ਇਸ ਸਮੇਂ ਸਿਖ ਅਧਿਐਨ ਦੀ ਪ੍ਰਮੁਖ ਟਕਸਾਲ ਬਣਿਆ। ਭਾਈ ਸੰਸਰਾਮ, ਪਾਂਧਾ ਬੂਲਾ, ਬਾਬਾ ਬੁਢਾ ਜੀ ਆਦਿਕ ਗੁਰੂ ਅਮਰਦਾਸ ਸਮੇਂ ਦੇ ਪ੍ਰਸਿਧ ਲਿਖਾਰੀ ਸਨ। ਗੁਰੂ ਜੀ ਨੇ ਅਪਣਾ ਬਾਣੀ ਸੰਗ੍ਰਹਿ, ਪਹਿਲੇ ਗੁਰੂ ਸਾਹਿਬਾਨ ਤੇ ਭਗਤ ਬਾਣੀ ਦੇ ਕੀਤੇ ਸੰਗ੍ਰਹਿ ਸਮੇਤ ਗੁਰੂ ਰਾਮਦਾਸ ਜੀ ਨੂੰ 'ਤਿਲਕੁ' ਦੇਣ ਸਮੇਂ ਸੌਂਪ ਦਿਤਾ (*ਰਾਮਦਾਸ ਸੋਢੀ ਤਿਲਕੁ ਦੀਆ ਗੁਰਸਬਦੁ ਸਚੁ ਨੀਸਾਣੁ ਜੀਉ॥* ਰਾਮਕਲੀ ਸਦੁ, ੯੨੩)। ਗੁਰੂ ਰਾਮਦਾਸ ਜੀ ਦੇ ਸਮੇਂ ਜਿਥੇ ਹੋਰ ਲਿਖਾਰੀ ਪੋਥੀਆਂ ਲਿਖਣ ਦੀ ਸੇਵਾ ਕਰਦੇ ਰਹੇ, ਉਥੇ ਗੁਰੂ ਸਾਹਿਬ ਨੇ ਖੁਦ ਬਾਣੀ ਉਚਰੀ ਅਤੇ ਪਹਿਲੇ ਗੁਰੂ ਸਾਹਿਬਾਨ ਦੀ ਬਾਣੀ ਦੇ ਉਤਾਰੇ ਵੀ ਕੀਤੇ। ਅਗੇ ਜਾ ਕੇ 'ਜਪੁ ਗੁਰੂ ਰਾਮਦਾਸ ਜੀਉ ਕੇ ਨਕਲ ਕਾ ਨਕਲੁ' ਹੀ ਆਦਿ ਬੀੜ ਵਿਚ ਗੁਰੂ ਅਰਜਨ ਦੇਵ ਜੀ ਨੇ ਸੰਪਾਦਿਤ ਕੀਤਾ। ਇਸ ਤਰ੍ਹਾਂ ਆਦਿ ਬੀੜ ਦੇ ਆਧਾਰ ਸ੍ਰੋਤਾਂ ਵਿਚ 'ਪਿਉ ਦਾਦੇ ਦਾ ਖਜਾਨਾ' ਗੁਰੂ ਅਰਜਨ ਦੇਵ ਜੀ ਨੂੰ ਗੁਰੂ ਰਾਮਦਾਸ ਜੀ ਤੋਂ ਗੁਰਿਆਈ ਸਮੇਂ ਮਿਲਿਆ, ਜਿਨ੍ਹਾਂ ਨੇ ਵਾਹਿਗੁਰੂ ਨੂੰ ਆਪਣੇ ਹਿਰਦੇ ਅਤੇ ਰਸਨਾ ਉਤੇ ਬਸਾਅ ਕੇ 'ਸਬਦੁ ਗੁਰੂ' ਦਾ ਪ੍ਰਕਾਸ ਕੀਤਾ (*ਸਬਦੁ ਗੁਰੂ ਪਰਕਾਸਿਓ ਹਰਿ ਰਸਨ ਬਸਾਯਉ॥* ਪੰਨਾ ੧੪੦੭)।

**<u>ਸੰਪਾਦਨ ਇਤਿਹਾਸ (history of editing)</u>**

ਗੁਰੂ ਅਰਜਨ ਦੇਵ ਜੀ ਨੇ ਪ੍ਰਾਪਤ ਹੋਏ ਬਾਣੀ ਸੰਗ੍ਰਹਿ ਨੂੰ, ਜੋ ਪੋਥੀਆਂ, ਪਤਰਿਆਂ, ਗੁਟਕਿਆਂ ਆਦਿ ਦੇ ਰੂਪ ਵਿਚ ਸੀ, ਇਕ ਵਿਧੀਬਧ ਰੂਪ ਦੇਣ ਲਈ ਰਾਮਸਰ ਨਾਂ ਦੇ ਸਥਾਨ ਦੀ ਚੋਣ ਕੀਤੀ। ਇਸ ਰਮਣੀਕ ਥਾਂ ਉਤੇ ਗੁਰਬਾਣੀ ਦੇ ਸੰਪਾਦਨ ਦਾ ਕਾਰਜ ਸ਼ੁਰੂ ਕੀਤਾ ਗਿਆ, ਜਿਹੜਾ 1601 ਈ. ਤੋਂ 1604 ਈ. ਤਕ, ਤਿੰਨ ਸਾਲਾਂ ਵਿਚ ਸੰਪੂਰਨ ਹੋਇਆ। ਆਦਿ ਬੀੜ ਦੀ ਸੰਪਾਦਨਾ ਕਰਵਾਉਂਦੇ ਸਮੇਂ ਗੁਰੂ ਜੀ ਨੇ ਭਾਈ ਗੁਰਦਾਸ ਜੀ ਦੀ ਮਦਦ ਲਈ ਹੋਰ ਲਿਖਾਰੀ ਵੀ ਨਿਯੁਕਤ ਕੀਤੇ, ਕਿਉਂਕਿ ਇਤਨੀ ਵਡੀ ਸੇਵਾ ਲਈ ਅਜਿਹਾ ਜਰੂਰੀ ਸੀ। ਭਾਈ ਕੇਸਰ ਸਿੰਘ ਛਿਬਰ (*ਬੰਸਾਵਲੀਨਾਮਾ*, 1769 ਈ.) ਨੇ ਅਜਿਹੇ ਚਾਰ ਲਿਖਾਰੀਆਂ ਦਾ ਜ਼ਿਕਰ ਕੀਤਾ ਹੈ :

> *ਭਾਈ ਸੰਤ ਦਾਸ ਤੇ ਹਰੀਆ ਸੁਖਾ ਮਨਸਾ ਰਾਮ ਲਿਖਦੇ ਜਾਨ।ਚਾਰੇ ਲਿਖਾਰੀ, ਜੋ ਸਾਹਿਬ [ਗੁਰੂ ਅਰਜਨ ਦੇਵ ਜੀ ] ਕਰਨ ਬਖਾਨ॥* (ਚਰਨ/ ਬੰਦ 5/31)

ਸੰਪਾਦਨਾ ਦਾ ਸਮੁਚਾ ਕਾਰਜ 'ਸੰਮਤ ੧੬੬੧ ਮਿਤੀ ਭਾਦਉ ਵਦੀ ਏਕਮ'; 1 ਅਗਸਤ, 1604 ਈ. ਨੂੰ ਸਮਾਪਤ ਹੋਇਆ।

**<u>ਦਰਬਾਰ ਸਾਹਿਬ ਵਿਚ ਪ੍ਰਕਾਸ਼ (installing Sri Darbar Sahib)</u>**

16 ਅਗਸਤ 1604 ਈ. ਨੂੰ ਆਦਿ ਬੀੜ ਦਾ ਬਾਬਾ ਬੁਢਾ ਜੀ, ਭਾਈ ਗੁਰਦਾਸ, (ਗੁਰੂ) ਹਰਿਗੋਬਿੰਦ ਸਾਹਿਬ ਆਦਿ ਮੁਖੀ ਸਿਖਾਂ ਸਮੇਤ ਗੁਰੂ ਸਾਹਿਬ ਨੇ ਪੂਰੇ ਅਦਬ ਸਤਿਕਾਰ ਸਹਿਤ ਦਰਬਾਰ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਵਿਖੇ ਲਿਆ ਕੇ ਪ੍ਰਕਾਸ਼ ਕਰ ਦਿਤਾ। ਪਹਿਲੇ ਪ੍ਰਕਾਸ਼ ਤੇ ਸੇਵਾ-ਸੰਭਾਲ ਦੀ ਸੇਵਾ ਬਾਬਾ ਬੁਢਾ ਜੀ ਨੂੰ ਸੌਂਪੀ ਗਈ।ਪਹਿਲੀ ਵਾਰ ਪ੍ਰਕਾਸ਼ ਕਰਨ ਉਤੇ ਜੋ ਹੁਕਮਨਾਮਾ ਆਇਆ, ਉਹ ਸੀ : *ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ॥*...(ਸੂਹੀ ਮਹਲਾ ੫, ੭੮੩-੮੪)।

**<u>ਪੁਨਰ-ਵਾਧਾ (re-addition)</u>**

ਤਲਵੰਡੀ ਸਾਬੋ (ਦਮਦਮਾ ਸਾਹਿਬ) ਵਿਖੇ ਗੁਰੂ ਗੋਬਿੰਦ ਸਿੰਘ ਜੀ ਨੇ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਆਦਿ ਬੀੜ ਵਿਚ, ਸ਼ਹੀਦ ਭਾਈ ਮਨੀ ਸਿੰਘ ਜੀ ਤੋਂ ਸ਼ਾਮਿਲ ਕਰਵਾ ਕੇ ਸ੍ਰੀ ਗ੍ਰੰਥ ਸਾਹਿਬ ਨੂੰ ਸੰਪੂਰਨਤਾ ਬਖਸ਼ੀ। ਇਥੇ ਸੰਪੂਰਨ ਕੀਤੇ ਸਰੂਪ ਨੂੰ ਹੀ ਬਾਅਦ ਵਿਚ ਨੰਦੇੜ ਵਿਖੇ ਗੁਰਿਆਈ ਬਖਸ਼ੀ ਗਈ ।

**<u>ਗੁਰਿਆਈ (guruship)</u>**

ਗੁਰੂ ਗੋਬਿੰਦ ਸਿੰਘ ਜੀ ਨੇ ਦਖਣ ਵਿਚ ਨੰਦੇੜ, ਹਜ਼ੂਰ ਸਾਹਿਬ (ਮਹਾਂਰਾਸ਼ਟਰ) ਵਿਖੇ ਜੋਤੀ-ਜੋਤਿ ਸਮਾਉਣ ਤੋਂ ਇਕ ਦਿਨ ਪਹਿਲਾਂ 'ਕਾਰਤਕ ਮਾਸੇ ਸੁਦੀ ਚਉਥ ਸੁਕਲਾ ਪਖੇ ਬੁਧਵਾਰ ਕੇ ਦਿਹੁੰ...ਸਤਰਾ ਸੈ ਪੈਸਠ' ; 6 ਅਕਤੂਬਰ 1708 ਈ. ਵਿਚ 'ਗ੍ਰੰਥ' ਸਾਹਿਬ ਨੂੰ ਗੁਰਿਆਈ ਦੇ ਕੇ ਗੁਰੂ ਸੰਸਥਾ ਦੇ ਸਰੂਪ ਨੂੰ ਸੰਪੂਰਨ ਕਰ ਦਿਤਾ। ਇਸ ਆਲੌਕਿਕ ਤੇ ਇਤਿਹਾਸਕ ਲਮਹੇ ਨੂੰ ਇਸ ਸਮੇਂ ਸੰਗਤ ਵਿਚ ਹਾਜ਼ਰ ਭਾਈ ਨਰਬਦ ਸਿੰਘ ਭਟ ਨੇ ਇਸ ਤਰ੍ਹਾਂ ਕਲਮਬਧ ਕੀਤਾ ਹੈ :

*ਗੁਰੂ ਗੋਬਿੰਦ ਸਿੰਘ ਮਹਲ ਦਸਮਾ, ਬੇਟਾ ਗੁਰੂ ਤੇਗ ਬਹਾਦਰ ਜੀ ਕਾ, ਮੁਕਾਮ ਨਦੇੜ ਤਟ ਗੁਦਾਵਰੀ ਦੇਸ ਦਖਣ, ਸਤਰਾ ਸੈ ਪੈਸਠ ਕਾਰਤਕ ਮਾਸੇ ਸੁਦੀ ਚਉਥ ਸੁਕਲਾ ਪਖੇ ਬੁਧਵਾਰ ਕੇ ਦਿਹੁੰ ਭਾਈ ਦੈਆ ਸਿੰਘ ਸੇ ਬਚਨ ਹੋਆ ਸ੍ਰੀ ਗ੍ਰੰਥ ਸਾਹਿਬ ਲੇ ਆਓ ਬਚਨ ਪਾਇ ਦੈਆ ਸਿੰਘ ਸ੍ਰੀ ਗ੍ਰੰਥ ਸਾਹਿਬ ਲੈ ਆਏ॥ ਗੁਰੂ ਜੀ ਨੇ ਪਾਂਚ ਪੈਸੇ ਏਕ ਨਲੀਏਰ ਆਗੇ ਭੇਟਾ ਰਾਖ ਮਥਾ ਟੇਕਾ।*

*ਸਰਬਤਿ ਸੰਗਤਿ ਸੇ ਕਹਾ - ਮੇਰਾ ਹੁਕਮ ਹੈ, ਮੇਰੀ ਜਗਹ ਸ੍ਰੀ ਗੰਥ ਜੀ ਕੋ ਜਾਨਨਾ। ਜੋ ਸਿਖ ਜਾਨੇਗਾ, ਤਿਸਕੀ ਘਾਲ ਥਾਂਇ ਪਏਗੀ, ਗੁਰੂ ਤਿਸਕੀ ਬਾਹੁੜੀ ਕਰੇਗਾ, ਸਤਿ ਕਰਿ ਮਾਨਨਾ...*(ਭਟ ਵਹੀ ਤਲਉਂਡਾ ਪ੍ਰਗਣਾ ਜੀਂਦ)।

ਭਾਈ ਸ੍ਵਰੂਪ ਸਿੰਘ ਕੌਸਿਸ (*ਗੁਰੂ ਕੀਆਂ ਸਾਖੀਆਂ,* 1762 ਈ.) ਨੇ ਇਨ੍ਹਾਂ ਸ਼ਾਨਦਾਰ ਲਮਹਿਆਂ ਨੂੰ ਇਉਂ ਕਾਨੀਬਧ ਕੀਤਾ :

*ਗੁਰੂ ਜੀ ਨੇ ਦਯਾ ਸਿੰਘ ਸੇ ਕਹਾ, ਭਾਈ ਸਿਖਾ ਸ੍ਰੀ ਗ੍ਰੰਥ ਸਾਹਿਬ ਲੈ ਆਈਏ... ਸ੍ਰੀ ਮੁਖ ਥੀ ਇੰਜ ਬੋਲੇ ਅਕਾਲ ਪੁਰਖ ਕੇ ਬਚਨ ਸਿਉ ਪਰਗਟ ਚਲਾਯੋ ਪੰਥ।ਸਭ ਸਿਖਨ ਕੋ ਬਚਨ ਹੈ, ਗੁਰੂ ਮਾਨੀਓ ਗ੍ਰੰਥ।ਗੁਰੂ ਖਾਲਸਾ ਮਾਨੀਐ, ਪਰਗਟ ਗੁਰੂ ਕੀ ਦੇਹਿ।...ਉਪਰੰਤ ਰਬਾਬੀਆਂ ਕੀਰਤਨ ਅਰੰਭ ਕੀਆ, ਬਾਦ ਅਰਦਾਸੀਏ ਅਰਦਾਸ ਕਰ ਕੇ ਤ੍ਰਿਹਾਵਲ ਪ੍ਰਸਾਦ ਕੀ ਦੇਗ ਵਰਤਾਈ...।*

**ਸੰਪਾਦਨ-ਵਿਧੀ (editing method)**

ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨ-ਵਿਧੀ ਨੂੰ ਸਮਝਣ ਲਈ ਹੇਠਾਂ ਦਿਤੇ ਭਾਗਾਂ ਵਿਚ ਵੰਡ ਕੇ ਵਿਚਾਰਿਆ ਜਾ ਸਕਦਾ ਹੈ:

**I. ਬਾਣੀ -ਸੰਪਾਦਨ ਤਰਤੀਬ ਦੇ ਅਧਾਰ**

**II. ਵਰਗੀਕਰਨ**

**III. ਨਿਰਮਤ ਜੁਗਤਾਂ**

I.**ਅਧਾਰ**

ਗੁਰੂ ਗ੍ਰੰਥ ਸਾਹਿਬ ਦੀ ਤਰਤੀਬ ਦਾ ਅਧਾਰ ਸੁਬੁਧ ਸੰਪਾਦਕ (ਗੁਰੂ ਅਰਜਨ ਦੇਵ ਜੀ) ਨੇ ਕ੍ਰਮਾਨੁਸਾਰ ਮੁਖ ਤੌਰ ਉਤੇ ਤਿੰਨ ਪ੍ਰਕਾਰੀ ਰਖਿਆ ਹੈ:

**1.1 ਰਾਗ**

**1.2 ਕਾਵਿ ਅਤੇ**

**1.3 ਬਾਣੀਕਾਰ**

**1.1** ਗੁਰਬਾਣੀ ਦਾ ਪਹਿਲਾ ਮੁਖ ਅਧਾਰ ਰਾਗ ਰਖਿਆ ਗਿਆ ਹੈ। ਬਾਣੀ ਦਾ ਵਧੇਰੇ ਭਾਗ ਮੁਖ 31 ਰਾਗਾਂ ਤੇ ਅਗੇ 30 ਉਪ-ਰਾਗਾਂ ਵਿਚ ਵਿਉਂਤਿਆ ਗਿਆ ਹੈ।

**1.2** ਦੂਜਾ ਅਧਾਰ ਕਾਵਿ-ਰੂਪ ਦਾ ਹੈ। ਸੰਬੰਧਿਤ ਥਾਂ ਇਸ ਦੀ ਤਰਤੀਬ ਮੁਖ ਤੌਰ ਉਤੇ ਇਸ ਤਰ੍ਹਾਂ ਹੈ :

**(1)** ਸਭ ਤੋਂ ਪਹਿਲਾਂ 'ਪਦ' ਅਤੇ ਇਸ ਦੇ ਅਨੇਕ ਰੂਪਾਂ-ਇਕਪਦਾ, ਦੁਪਦਾ, ਤਿਪਦੇ, ਚਉਪਦੇ...ਅਸਟਪਦੀ ਨੂੰ ਕ੍ਰਮਵਾਰ ਵਰਤਿਆ ਗਿਆ ਹੈ।

**(2)** ਫਿਰ ਛੰਤ ਜਾਂ ਇਸ ਦੇ ਸਮਾਨੰਤਰ ਬਾਣੀ, ਜਿਵੇਂ ਪਹਰੇ, ਨਿਖੜਵੇਂ ਸਬਦਾਂ, ਆਦਿ ਨੂੰ ਥਾਂ ਦਿਤੀ ਗਈ ਹੈ।

**(3)** ਤੀਜੇ ਥਾਂ ਵਿਸ਼ੇਸ਼ ਕਾਵਿ-ਰੂਪ/ ਲੰਮੀਆਂ ਬਾਣੀਆਂ, ਜਿਵੇਂ ਵਣਜਾਰਾ, ਬਾਰਹਮਾਹਾ, ਬਾਵਨ ਅਖਰੀ, ਸੁਖਮਨੀ, ਥਿਤੀ ਆਦਿ ਨੂੰ ਸ਼ਾਮਿਲ ਕੀਤਾ ਗਿਆ ਹੈ।

**(4)** ਕ੍ਰਮ ਵਿਚ ਚੌਥੀ ਥਾਂ ਵਾਰਾਂ ਹਨ, ਜਿੰਨ੍ਹਾਂ ਦੀ ਕੁਲ ਗਿਣਤੀ 22 ਹੈ।

**1.3** ਕਾਵਿ-ਰੂਪਾਂ ਨੂੰ ਬਾਣੀਕਾਰਾਂ ਅਨੁਸਾਰ ਤਰਤੀਬਿਆ ਹੈ। ਗੁਰੂ ਬਾਣੀਕਾਰਾਂ ਵਿਚੋਂ ਪਹਿਲ ਗੁਰੂ ਨਾਨਕ ਦੇਵ ਜੀ ਨੂੰ, ਫਿਰ ਕ੍ਰਮਵਾਰ ਦੂਜੇ; ਤੀਜੇ; ਚੌਥੇ; ਪੰਜਵੇਂ; ਨੌਵੇਂ ਗੁਰੂ ਸਾਹਿਬਾਨ ਨੂੰ। ਇਸੇ ਤਰ੍ਹਾਂ ਭਗਤ ਸਾਹਿਬਾਨ ਵਿਚੋਂ ਪਹਿਲ ਭਗਤ ਕਬੀਰ ਜੀ ਦੀ ਤੇ ਫਿਰ ਕ੍ਰਮਵਾਰ ਹੇਠਾਂ ਦਿਤੀ ਸੂਚੀ ਅਨੁਸਾਰ ਹੈ। ਇਸੇ ਤਰ੍ਹਾਂ ਭਟ ਸਾਹਿਬਾਨ ਅਤੇ ਗੁਰਸਿਖਾਂ ਦੀ ਬਾਣੀ ਨੂੰ ਸੰਬੰਧਿਤ ਥਾਂ ਦਿਤੀ ਗਈ ਹੈ।

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਕੁਲ ਰਚੈਤਾ/ ਬਾਣੀਕਾਰ 35 ਹਨ। ਤਰਤੀਬ/ ਕ੍ਰਮਨੁਸਾਰ ਅਤੇ ਸਮਝਣ ਹਿਤ ਮੁਖ ਰੂਪ ਵਿਚ ਇਨ੍ਹਾਂ ਦੇ ਚਾਰ ਹਿਸੇ ਕੀਤੇ ਜਾਂਦੇ ਹਨ :

**(1) ਗੁਰੂ ਸਾਹਿਬਾਨ (ਛੇ):** ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ।

**(2) ਭਗਤ ਸਾਹਿਬਾਨ (ਪੰਦਰਾਂ):** ਭਗਤ ਕਬੀਰ ਜੀ, ਨਾਮਦੇਵ ਜੀ, ਰਵਿਦਾਸ ਜੀ, ਰਾਮਾਨੰਦ ਜੀ, ਜੈਦੇਵ ਜੀ, ਤ੍ਰਿਲੋਚਨ ਜੀ, ਧੰਨਾ ਜੀ, ਸੈਣ ਜੀ, ਪੀਪਾ ਜੀ, ਭੀਖਨ ਜੀ, ਸਧਨਾ ਜੀ, ਪਰਮਾਨੰਦ ਜੀ, ਸੂਰਦਾਸ ਜੀ, ਬੇਣੀ ਜੀ ਅਤੇ ਫਰੀਦ ਜੀ।

**(3) ਭਟ ਸਾਹਿਬਾਨ (ਗਿਆਰਾਂ):** ਭਟ ਕਲਸਹਾਰ ਜੀ, ਜਾਲਪ ਜੀ, ਕੀਰਤ ਜੀ, ਭਿਖਾ ਜੀ, ਸਲ੍ਹ ਜੀ, ਭਲ੍ਹ ਜੀ, ਨਲ੍ਹ ਜੀ, ਗਯੰਦ ਜੀ, ਮਥੁਰਾ ਜੀ, ਬਲ੍ਹ ਜੀ ਅਤੇ ਹਰਿਬੰਸ ਜੀ।

**(4) ਗੁਰਸਿਖ (ਤਿੰਨ):** ਰਾਇ ਬਲਵੰਡ ਜੀ, ਸਤਾ ਡੂਮ ਜੀ ਅਤੇ ਬਾਬਾ ਸੁੰਦਰ ਜੀ।

ਬਾਣੀ ਤਰਤੀਬ ਦੇ ਉਕਤ ਦਰਸਾਏ ਤਿੰਨ ਅਧਾਰ ਮੁਖ ਹਨ, ਹੋਰ ਵੀ ਕਈ ਅਧਾਰ (ਜਿਵੇਂ ਘਰੁ, ਛੰਦ, ਰੁਤਾਂ ਆਦਿ) ਤਲਾਸ਼ੇ ਜਾ ਸਕਦੇ ਹਨ।

## II. ਵਰਗੀਕਰਨ

ਸੰਪਾਦਿਤ ਗੁਰਬਾਣੀ ਦੇ ਸਮੁਚੇ ਸਰੂਪ (ਵਡਾਕਾਰੀ 1430 ਪੰਨਿਆਂ) ਨੂੰ ਪੰਜ ਮੁਖ ਭਾਗਾਂ ਵਿਚ ਵੰਡ ਕੇ ਇਉਂ ਸਮਝਿਆ ਜਾ ਸਕਦਾ ਹੈ :

**2.1** ਤਤਕਰਾ

**2.2** ਨਿਤਨੇਮ ਬਾਣੀਆਂ (ਪੰਨੇ 1-13)

**2.3** ਰਾਗ-ਬਧ ਬਾਣੀਆਂ (ਪੰਨੇ 14-1353)

**2.4** ਰਾਗ-ਮੁਕਤ ਬਾਣੀਆਂ (ਪੰਨੇ 1353-1429)

**2.5** ਰਾਗਮਾਲਾ (ਪੰਨੇ 1429-1430)

### 2.1 ਤਤਕਰਾ

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ੁਰੂ ਵਿਚ ਤਤਕਰਾ ਹੈ। ਗਿਣਤੀ ਵਿਚ ੧੪੩੦ ਮੂਲ ਪਾਠ ਦੇ ਪੰਨਿਆਂ ਦਾ ਇਹ ਹਿਸਾ ਨਹੀਂ। ਇਸਦੇ ਦੋ ਮੁਖ ਭਾਗ ਹਨ : ਰਾਗ ਸੂਚਕ ਤੇ ਸਬਦ ਸੂਚਕ। ਜਿਥੇ-ਜਿਥੇ, ਜੋ-ਜੋ ਬਾਣੀ ਹੈ, ਉਹ ਤਤਕਰੇ ਤੋਂ ਪਤਾ ਲਗ ਜਾਂਦੀ ਹੈ। 'ਤਤਕਰਾ' ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ-ਪ੍ਰਬੰਧ ਦਾ ਵਿਸ਼ੇਸ਼ ਭਾਗ ਹੈ।

### 2.2 ਨਿਤਨੇਮ ਬਾਣੀਆਂ (ਪੰਨੇ 1-13)

ਪਹਿਲੇ 13 ਪੰਨਿਆਂ ਉਤੇ ਤਿੰਨ ਬਾਣੀਆਂ ਹਨ, ਜਿੰਨ੍ਹਾਂ ਨੂੰ ਨਿਤਨੇਮ ਦੀਆਂ ਬਾਣੀਆਂ ਕਿਹਾ ਜਾਂਦਾ ਹੈ: (1) ਜਪੁ ਜੀ ਸਾਹਿਬ, (2) ਸੋ ਦਰੁ, ਸੋ ਪੁਰਖੁ {ਰਹਰਾਸਿ} ਅਤੇ (3) ਸੋਹਿਲਾ

### 2.3 ਰਾਗ-ਬਧ ਬਾਣੀਆਂ (ਪੰਨੇ 14-1353)

ਬਾਣੀ ਦੇ ਵਡੇਰੇ ਭਾਗ ਨੂੰ ਮੁਖ ੩੧ ਸ਼ੁਧ ਰਾਗਾਂ ਵਿਚ ਵੰਡ ਕੇ ਲਿਖਿਆ ਗਿਆ ਹੈ। ਪਹਿਲਾ ਰਾਗੁ ਸਿਰੀਰਾਗੁ ਹੈ ਅਤੇ ਅੰਤਮ ਇਕਤੀਵਾਂ ਜੈਜਾਵੰਤੀ ਹੈ। ੩੧ ਸ਼ੁਧ ਰਾਗਾਂ ਵਿਚ ੩0 ਮਿਸ਼ਰਤ ਰਾਗਾਂ ਦੇ ਸ਼ਬਦ ਵੀ ਲਿਖੇ ਹੋਏ ਹਨ। ਇਸ ਤਰ੍ਹਾਂ (੩੧ ਸ਼ੁਧ ਤੇ ੩0 ਮਿਸ਼ਰਤ) ਕੁਲ ੬੧ ਰਾਗਾਂ ਵਿਚ ਬਾਣੀ ਹੈ। ਰਾਗਾਂ ਦਾ ਕ੍ਰਮਾਨੁਸਾਰ ਵੇਰਵਾ ਇਸ ਤਰ੍ਹਾਂ ਹੈ:

**ਸ਼ੁਧ ਰਾਗ :** ਸਿਰੀਰਾਗੁ, ਮਾਝ, ਗਉੜੀ, ਆਸਾ, ਗੂਜਰੀ, ਦੇਵਗੰਧਾਰੀ, ਬਿਹਾਗੜਾ, ਵਡਹੰਸੁ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ, ਬਿਲਾਵਲੁ, ਗੋਂਡ, ਰਾਮਕਲੀ, ਨਟਨਾਰਾਇਨ, ਮਾਲੀਗਉੜਾ, ਮਾਰੂ, ਤੁਖਾਰੀ, ਕੇਦਾਰਾ, ਭੈਰਉ, ਬਸੰਤੁ, ਸਾਰੰਗ, ਮਲਾਰ, ਕਾਨੜਾ, ਕਲਿਆਨੁ, ਪ੍ਰਭਾਤੀ ਅਤੇ ਜੈਜਾਵੰਤੀ।

**ਮਿਸ਼ਰਤ ਰਾਗ :** ਗਉੜੀ ਗੁਆਰੇਰੀ, ਗਉੜੀ ਦਖਣੀ, ਗਉੜੀ ਚੇਤੀ, ਗਉੜੀ ਬੈਰਾਗਣਿ, ਗਉੜੀ ਦੀਪਕੀ, ਗਉੜੀ ਪੂਰਬੀ, ਗਉੜੀ ਪੂਰਬੀ ਦੀਪਕੀ, ਗਉੜੀ ਮਾਝ, ਗਉੜੀ ਮਾਲਵਾ, ਗਉੜੀ ਮਾਲਾ, ਗਉੜੀ ਭੀ ਸੋਰਠਿ ਭੀ, ਆਸਾ ਕਾਫੀ, ਆਸਾਵਰੀ, ਆਸਾਵਰੀ ਸੁਧੰਗ, ਵਡਹੰਸ ਦਖਣੀ, ਤਿਲੰਗ ਕਾਫੀ, ਸੂਹੀ ਕਾਫੀ, ਸੂਹੀ ਲਲਿਤ, ਬਿਲਾਵਲੁ ਦਖਣੀ, ਬਿਲਾਵਲੁ ਗੋਂਡ, ਬਿਲਾਵਲੁ ਮੰਗਲ, ਰਾਮਕਲੀ ਦਖਣੀ, ਨਟ, ਮਾਰੂ ਕਾਫੀ, ਮਾਰੂ ਦਖਣੀ, ਬਸੰਤੁ ਹਿੰਡੋਲ, ਕਲਿਆਨੁ ਭੋਪਾਲੀ, ਪ੍ਰਭਾਤੀ ਬਿਭਾਸ, ਬਿਭਾਸ ਪ੍ਰਭਾਤੀ ਅਤੇ ਪ੍ਰਭਾਤੀ ਦਖਣੀ।

**ਰਾਗ-ਮੁਕਤ ਬਾਣੀਆਂ** (ਪੰਨੇ 1353-1429)

ਇਸ ਭਾਗ ਵਿਚ ਬਾਣੀਆਂ ਹਨ: ਸਲੋਕ ਸਹਸਕ੍ਰਿਤੀ ਮਹਲਾ ੧ ਅਤੇ ਮਹਲਾ ੫, ਗਾਥਾ ਮਹਲਾ ੫, ਫੁਨਹੇ ਮਹਲਾ ੫, ਚਉਬੋਲੇ ਮਹਲਾ ੫, ਸਲੋਕ ਭਗਤ ਕਬੀਰ ਜੀਉ ਕੇ, ਸਲੋਕ ਸੇਖ ਫਰੀਦ ਕੇ, ਸਵਯੇ ਸ੍ਰੀ ਮੁਖਬਾਕ੍ਯ ਮਹਲਾ ੫, ਸਵਈਏ (ਮਹਲੇ ਪਹਿਲੇ ਕੇ ੧- ਪੰਜਵੇ ਕੇ ੫), ਸਲੋਕ ਵਾਰਾ ਤੇ ਵਧੀਕ, ਸਲੋਕ ਮਹਲਾ ੯, ਮੁੰਦਾਵਣੀ ਮਹਲਾ ਅਤੇ ਸਲੋਕ ਮਹਲਾ ੫ ।

**2.5 ਰਾਗਮਾਲਾ** (ਪੰਨੇ 1429-1430)

ਅੰਤ ਵਿਚ ਰਾਗਮਾਲਾ ਹੈ।ਇਹ ਰਾਗਾਂ ਤੇ ਰਾਗਣੀਆਂ ਦੀ ਲੜੀ, ਨਾਮਾਵਲੀ ਹੈ, ਜਿਹੜੀ ਰਾਗਾਂ ਦੇ ਵਿਧਾਨ ਸੰਬੰਧੀ ਹੈ।

## III. ਨਿਰਮਤ ਜੁਗਤਾਂ

ਗੁਰੂ ਅਰਜਨ ਦੇਵ ਜੀ ਦੁਆਰਾ ਨਿਰਮਤ ਸੰਪਾਦਨ-ਮਾਡਲ ਦੀ ਉਸਾਰੀ ਲਈ ਸਿਰਜੀਆਂ ਗਈਆਂ ਜੁਗਤਾਂ ਵਿਚੋਂ ਮੁਖ ਤਿੰਨ ਹਨ:

**3.1 ਸਿਰਲੇਖ ਜੁਗਤ**

**3.2 ਅੰਕ ਜੁਗਤ**

**3.3 ਰਹਾਉ ਜੁਗਤ ਅਤੇ**

**3.4 ਫੁਟਕਲ**

### 3.1 ਸਿਰਲੇਖ ਜੁਗਤ

ਇਸ ਜੁਗਤ ਰਾਹੀਂ **ਰਾਗ** (੩੧ ਸ਼ੁਧ ਅਤੇ ੩0 ਮਿਸ਼ਰਤ), **ਕਾਵਿ-ਰੂਪ** (ਬਾਣੀ ਨਾਂ : ਜਪੁ, ਸੋ ਦਰੁ, ਸੋ ਪੁਰਖੁ, ਸੁਖਮਨੀ...; ਲੋਕ-ਕਾਵਿ: ਪਹਰੇ, ਸੋਹਿਲਾ, ਘੋੜੀਆਂ, ਕਰਹਲਾ...; ਸਾਹਿਤਕ-ਕਾਵਿ : ਅਸਟਪਦੀ, ਪਦੁ, ਸਲੋਕ, ਛੰਤ, ਮੰਗਲ, ਵਾਰ...) ਅਤੇ ਬਾਣੀਕਾਰ ਦੀ ਪਛਾਣ

ਦੇ ਨਾਲ-ਨਾਲ ਸੰਬੰਧਿਤ ਬਾਣੀ ਦਾ ਉਚਾਰਨ/ ਗਾਇਨ (ਏਕੁ ਸੁਆਨੁ ਕੈ ਘਰਿ ਗਾਵਣਾ, ਪਹਰਿਆ ਕੈ ਘਰਿ ਗਾਵਣਾ , ੯ ਵਾਰਾਂ 'ਤੇ ਅੰਕਿਤ ਧੁਨਾਂ ਆਦਿ) ਸੰਬੰਧੀ ਵੀ ਸੰਕੇਤ ਕੀਤਾ ਗਿਆ ਹੈ। ਮੰਗਲਾਚਰਨ, ਜਿਸ ਨੂੰ 'ਮੂਲ ਮੰਤ੍ਰ ' (ੴ ਸਤਿਨਾਮੁ ਕਰਤਾਪੁਰਖੁ...ਗੁਰਪ੍ਰਸਾਦਿ॥) ਕਿਹਾ ਜਾਂਦਾ ਹੈ, ਸਥਾਨ ਦੀ ਦ੍ਰਿਸ਼ਟੀ ਤੋਂ ਤਾਂ ਸਿਰਲੇਖ-ਪ੍ਰਬੰਧ ਦਾ ਹੀ ਭਾਗ ਹੈ।

### 3.2 ਅੰਕ ਜੁਗਤ

ਇਸ ਦੀ ਵਰਤੋਂ ਮੁਖ ਚਾਰ ਪਧਰਾਂ ਉਤੇ ਕੀਤੀ ਗਈ ਹੈ:(1) ਪੰਨਾ ਅੰਕ ਵਜੋਂ, (2) ੴ ਮੰਗਲ ਰੂਪ ਵਿਚ '੧', (3) ਸਿਰਲੇਖਾਂ ਵਿਚ ਅਤੇ (4) ਮੂਲ ਬਾਣੀ-ਪਾਠ ਵਿਚ। ਪੰਨਾ ਅੰਕ ਵਜੋਂ ਇਹ ਸ਼ੁਰੂ ਵਿਚ 3 ਕਾਲਮੀ ਤਤਕਰਾ ਹੈ, ਮੂਲ-ਪਾਠ ਦੇ 1430 (੧੪੩੦) ਅੰਕ ਹਨ। ੴ ਮੰਗਲ ਰੂਪ ਵਿਚ '੧' ਸੰਯੁਕਤ ਚਿੰਨ੍ਹ (ੴ) ਵਜੋਂ ਕਾਰਜਸ਼ੀਲ ਹੈ। ਮੂਲ ਬਾਣੀ-ਪਾਠ ਵਿਚ ਸਮੁਚੀ ਬਾਣੀ ਪਦਿਆਂ, ਸ਼ਬਦਾਂ, ਸਲੋਕਾਂ, ਅਸਟਪਦੀਆਂ, ਛੰਤਾਂ ਆਦਿ ਦੇ ਅੰਕ-ਹਿਸਾਬ ਨਾਲ ਤਰਤੀਬੀ ਗਈ ਹੈ। ਅੰਕ ਜੁਗਤ ਰਾਹੀਂ ਬਾਣੀ ਦੀ ਪ੍ਰਮਾਣਿਕਤਾ ਤੇ ਰੂਪ ਨੂੰ ਸਥਿਰ ਰੂਪ ਦਿਤਾ ਗਿਆ ਹੈ।

### 3.3 ਰਹਾਉ ਜੁਗਤ

ਰਹਾਉ ਦਾ ਸ਼ਾਬਦਿਕ ਅਰਥ ਠਹਿਰਾਉ ਹੈ; ਸੰਗੀਤ ਵਿਚ ਇਹ 'ਟੇਕ' ਦੇ ਅਰਥਾਂ ਵਿਚ ਵਰਤੀਂਦਾ ਹੈ, ਭਾਵ ਇਹ ਸ਼ਬਦ ਦੇ ਅਰਥ ਵਿਚ ਕੇਂਦਰੀ ਥਾਂ ਉਤੇ ਹੈ। ਇਸ ਜੁਗਤ ਦਾ ਨਿਰਮਾਣ ਉਚਾਰਨ, ਅਰਥ ਤੇ ਕੀਰਤਨ ਦੇ ਹਵਾਲੇ ਵਿਚ ਕੀਤਾ ਗਿਆ ਹੈ।

## <u>ਸਰੂਪ ਅਤੇ ਵਿਸ਼ਾ (nature & subject)</u>

ਸ੍ਰੀ ਗੁਰੂ ਗ੍ਰੰਥ ਸਾਹਿਬ ਧਰਮ ਤੇ ਅਧਿਆਤਮਕਤਾ ਦਾ ਪਾਵਨ ਗ੍ਰੰਥ ਹੈ। ਇਹ ਕਿਸੇ ਕੌਮ ਜਾਂ ਭਾਈਚਾਰੇ ਦਾ ਰਾਜਨੀਤਕ ਜਾਂ ਸਮਾਜਿਕ ਇਤਿਹਾਸ ਨਹੀਂ, ਨਾ ਹੀ ਇਹ ਕਿਸੇ ਸ਼ਾਸਤਰੀ ਕਿਸਮ ਦਾ ਗ੍ਰੰਥ ਹੈ। ਇਹ ਬਾਣੀਕਾਰਾਂ ਦੇ ਧਾਰਮਿਕ ਅਨੁਭਵ ਦਾ ਕਾਵਿ-ਮਈ ਪ੍ਰਗਟਾਵਾ ਹੈ। ਗੁਰੂ ਸਾਹਿਬਾਨ ਤੋਂ ਇਲਾਵਾ ਹੋਰ ਅਨੇਕ ਸੰਤ-ਭਗਤਾਂ, ਗੁਰਸਿਖਾਂ, ਭਟਾਂ ਆਦਿ ਦੀ ਬਾਣੀ ਨੂੰ ਇਸ ਵਿਚ ਸ਼ਾਮਿਲ ਕੀਤਾ ਗਿਆ ਹੈ, ਜਿੰਨ੍ਹਾਂ ਵਿਚ ਸਮੇਂ, ਸਥਾਨ, ਕੁਲ ਜਾਂ ਸਭਿਆਚਾਰ ਦਾ ਭੇਦ ਹੋਣ ਦੇ ਬਾਵਜੂਦ ਸਭ ਦੀ ਸੁਰ ਸਾਂਝੀ ਹੈ। ਬਾਣੀ ਮੁਹਾਵਰੇ ਵਿਚ 'ਆਤਮਿਕ ਅਧਾਰ' ਉਤੇ ਸਾਰੇ ਇਕ ਸਮਾਨ ਹਨ, ਭਾਵ ਸਮੁਚੀਆਂ ਰਚਨਾਵਾਂ ਦਾ ਦਰਸ਼ਨ (philosophy) ਤੇ ਆਸ਼ਾ (purpose) ਇਕੋ ਹੈ। ਇਸ ਦਾ ਇਕ ਕਾਰਨ ਸਾਰੇ ਬਾਣੀਕਾਰਾਂ ਦੇ ਹਿਤ ਸਾਂਝੇ ਹਨ।

ਧਾਰਮਿਕਤਾ ਬਾਣੀ ਦੀ ਕੇਂਦਰੀ ਸੁਰ ਹੈ, ਜਿਸ ਵਿਚ ਪਰਮਸਤਾ, ਨਾਮ, ਹੁਕਮ, ਸ੍ਰਿਸਟੀ, ਜੀਵ, ਮਨ, ਹਉਮੈ ਆਦਿ ਜਿਹੇ ਦੈਵੀ-ਸੰਕਲਪ ਵਿਆਪਕ ਰੂਪ ਵਿਚ ਵਿਦਮਾਨ ਹਨ। ਡੂੰਘੇ ਅਤੇ ਗੂੜ੍ਹ ਅਧਿਆਤਮਵਾਦ ਨਾਲ ਦਿਸਦੇ ਜਗਤ-ਪਰਪੰਚ ਵਿਚ ਵਰਤ ਰਹੇ ਅਗੰਮੀ ਹੁਕਮ ਦਾ ਰਹਸ, ਇਸ ਦਾ ਮੁਖ ਪਛਾਣ-ਚਿੰਨ੍ਹ ਹੈ, ਪਰ ਰਹਸਵਾਦ ਜਾਂ ਆਤਮਿਕ ਸਰੋਕਾਰਾਂ ਦੀ ਬਹੁਲਤਾ ਦੇ ਬਾਵਜੂਦ ਇਸ ਵਿਚ ਸਮਾਜ ਦੀਆਂ ਗਲਤ ਕੀਮਤਾਂ ਦੀ ਆਲੋਚਨਾ ਦਾ ਅੰਸ਼ ਵਿਸ਼ੇਸ਼ ਹੈ। ਦਾਰਸ਼ਨਿਕਤਾ ਦੇ ਗੰਭੀਰ ਪਹਿਲੂਆਂ ਨੂੰ ਛੋਹੇ ਹੋਣ ਦੇ ਬਾਵਜੂਦ ਬਾਣੀ 'ਦਰਸ਼ਨ' ਨਹੀਂ, ਇਹ ਦਰਸ਼ਨ ਨਾਲੋਂ ਵਧੇਰੇ ਜੀਵਨ-ਜਾਚ ਹੈ; ਦੂਜੇ ਸ਼ਬਦਾਂ ਵਿਚ ਗੁਰਬਾਣੀ ਜੀਵਨ-ਜਾਚ ਦਾ ਦਰਸ਼ਨ ਹੈ। ਪ੍ਰਕਿਰਤੀ ਵਜੋਂ ਅਸੰਪ੍ਰਦਾਇਕ ਬਾਣੀ ਮਨੁਖੀ ਜੀਵਨ ਨੂੰ ਸਰਬੰਗੀ ਸੰਤੁਲਨ ਬਖਸ਼ਦੀ ਹੈ।ਇਸ ਨੇ ਰਸਮਾਂ, ਰੀਤਾਂ, ਪਾਖੰਡਾਂ, ਭੇਖਾਂ, ਕਰਮਕਾਂਡਾਂ ਨੂੰ ਪੂਰੀ ਤਰ੍ਹਾਂ ਨਕਾਰਿਆ ਹੈ।

ਸੋ ਗੁਰਬਾਣੀ ਪ੍ਰਕਿਰਤੀ ਵਿਚ ਧਰਮ, ਦਰਸ਼ਨ, ਕਾਵਿ ਤੇ ਸੰਗੀਤ ਦਾ ਅਲੌਕਿਕ ਸੁਮੇਲ ਹੈ। ਇਸ ਦੇ ਸਾਰੇ ਭਾਸ਼ਾਈ ਸੰਕੇਤ (code) ਲੌਕਿਕ ਹਨ, ਪਰ ਵਸਤੂ ਅਲੌਕਿਕ ਹੈ। ਇਸ ਹਵਾਲੇ ਵਿਚ ਅਧਿਐਨਕਾਰ ਭਾਸ਼ਾਈ ਸੰਕੇਤਾਂ (Codes) ਨੂੰ ਬੁਝ ਕੇ (Decode) ਕਰਕੇ ਤਤ-ਵਸਤੂ ਤਕ ਪਹੁੰਚਦਾ ਹੈ। ਗੁਰਬਾਣੀ ਦਾ ਸਮੁਚਾ ਮੁਹਾਵਰਾ ਤੇ ਪ੍ਰਗਟਾ-ਸੁਰ ਆਸਥਾ ਤੇ ਭਰੋਸੇ ਵਾਲੀ ਹੈ। ਸੰਬੋਧਤ ਵਰਗ ਨਾਲ ਬੌਧਿਕ, ਮਾਨਸਿਕ, ਆਤਮਿਕ ਤੇ ਜਜਬਾਤੀ ਸਾਂਝ ਹੈ। ਇਹ ਸਾਂਝ ਸਥਾਈ, ਬੁਨਿਆਦੀ ਅਤੇ ਸਦੀਵੀ ਕਿਸਮ ਦੀ ਹੈ।

**ਸਾਹਿਤਕਤਾ (litrary aspect)**

ਸਮੁਚੀ ਗੁਰਬਾਣੀ ਕਾਵਿ-ਰੂਪ ਹੈ। ਇਹ ਕਾਵਿ ਆਪਣੇ ਸਰੂਪ ਤੇ ਵਸਤੂ ਕਾਰਨ ਭਾਵੇਂ ਲੌਕਿਕ ਕਾਵਿ ਨਹੀਂ (*ਇਹੁ ਤਉ ਬ੍ਰਹਮ ਬੀਚਾਰ*, ੩੩੫), ਪਰ ਇਸ ਦੀਆਂ ਰੂੜ੍ਹੀਆਂ ਕਾਵਿਗਤ ਹੋਣ ਕਾਰਨ ਇਸ ਦਾ ਸਾਹਿਤਕ ਪਖ ਉਜਾਗਰ ਹੁੰਦਾ ਹੈ।

ਕਾਵਿਕ ਸੰਗਠਨ ਵਜੋਂ ਗੁਰਬਾਣੀ ਵਿਚ ਜਿੰਨੀਆਂ ਵੀ ਰੂੜ੍ਹੀਆਂ ਜਾਂ ਜੁਗਤਾਂ ਦੀ ਵਰਤੋਂ ਹੋਈ ਹੈ, ਉਹ ਸਹਿਜ ਭਾਵੀ ਹੈ, ਉਚੇਚ-ਮੁਖ ਨਹੀਂ, ਭਾਵ ਬਾਣੀ ਵਿਚ ਵਰਤੇ ਗਏ ਬਿੰਬ, ਅਲੰਕਾਰ ਆਦਿ ਕਿਸੇ ਕਿਸਮ ਦਾ ਕਾਵਿ-ਚਮਤਕਾਰ ਪੈਦਾ ਕਰਨ ਲਈ ਨਹੀਂ ਵਰਤੇ ਗਏ, ਇਹ ਸਿਰਜਤ ਸੁਨੇਹੇ ਦਾ ਸੰਚਾਰ ਕਰਨ ਲਈ ਜਿਥੇ ਮਾਧਿਅਮ ਹਨ, ਉਥੇ ਇਹ ਇਕ ਆਪਣੀ ਤਰ੍ਹਾਂ ਦਾ 'ਸੁਹਜ' ਪੈਦਾ ਕਰਦੇ ਅਤੇ ਇਕ ਨਵੀਂ ਕਾਵਿ-ਵਿਧਾ ਦਾ ਪ੍ਰਬੰਧ ਸਿਰਜਦੇ ਹਨ।

ਵਰਤੇ ਗਏ ਸਾਹਿਤਕ ਕਾਵਿ-ਰੂਪਾਂ ਵਿਚ ਥਿਤੀ, ਪਟੀ, ਬਾਵਨ ਅਖਰੀ, ਅਸਟਪਦੀ, ਸਲੋਕ, ਪਦੇ, ਰੁਤੀ ਆਦਿ; ਅਤੇ ਲੋਕ ਕਾਵਿ-ਰੂਪਾਂ ਵਿਚ ਬਾਰਹਮਾਹਾ, ਘੋੜੀਆਂ, ਬਿਰਹੜੇ, ਵਾਰ, ਵਣਜਾਰਾ, ਅੰਜੁਲੀਆ ਆਦਿ ਨੂੰ ਸ਼ਾਮਿਲ ਕੀਤਾ ਜਾ ਸਕਦਾ ਹੈ। ਬਾਣੀਕਾਰਾਂ ਦੁਆਰਾ ਸ੍ਵੈ-ਸਿਰਜਤ ਬਾਣੀ-ਪ੍ਰਬੰਧ ਰੂਪਾਂ ਵਿਚ ਜਪੁ, ਸੁਖਮਨੀ, ਅਨੰਦੁ, ਓਅੰਕਾਰੁ, ਕੁਚਜੀ, ਸੁਚਜੀ, ਮੁੰਦਾਵਣੀ ਆਦਿ ਸ਼ਾਮਿਲ ਹਨ।

ਗੁਰਬਾਣੀ ਦਾ ਸਾਹਿਤਕ ਪਖ, ਹਕੀਕੀ ਤੌਰ ਉਤੇ ਧਰਮ-ਸ਼ਾਸਤਰ (theology) ਦੇ ਖੇਤਰ ਨਾਲ ਸੰਬੰਧਿਤ ਹੈ, ਜਿਹੜਾ ਸ਼ਾਇਰੀ ਤੇ ਸੰਗੀਤ ਦੇ ਮਾਧਿਅਮ ਰਾਹੀਂ ਜਗਿਆਸੂ/ ਪਾਠਕ/ ਸਰੋਤੇ ਨੂੰ ਸੰਬੋਧਿਤ ਹੈ, ਪਰ ਇਹ ਨਿਰਾ ਮਾਧਿਅਮ ਨਹੀਂ, ਇਹ ਬਾਣੀਕਾਰਾਂ ਦੀ ਲੋਕ ਜੀਵਨ ਤੇ ਇਸ ਦੀ ਸ਼ਾਇਰੀ, ਸੰਗੀਤ ਨਾਲ ਪ੍ਰਤੀਬਧਤਾ ਦਾ ਲਖਾਇਕ ਵੀ ਹੈ। ਇਸੇ ਪ੍ਰਸੰਗ ਵਿਚ ਹੀ ਗੁਰਬਾਣੀ ਵਿਚਲੀਆਂ ਸਾਹਿਤਕ ਰੂੜ੍ਹੀਆਂ (ਚਿੰਨ੍ਹ, ਪ੍ਰਤੀਕ, ਬਿੰਬ, ਅਲੰਕਾਰ, ਰਸ...) ਨੂੰ ਕੇਵਲ ਰੂਪਕ-ਰਚਨਾ ਜਾਂ ਸੰਚਾਰ ਜੁਗਤ ਤਕ ਸੀਮਿਤ ਨਹੀਂ ਰਖਿਆ ਜਾ ਸਕਦਾ, ਇਨ੍ਹਾਂ ਦੇ ਉਪਮਾਨ ਬਾਣੀਕਾਰਾਂ ਦੀਆਂ ਰੀਝਾਂ, ਸਧਰਾਂ ਜਾਂ ਉਦੇਸ਼ਾਂ ਤੋਂ ਵਖ ਨਹੀਂ। ਹਰੇਕ ਬਿੰਬ ਦੀ ਸਿਰਜਨਾ ਪਿਛੇ ਰਚੈਤਾ ਤੇ ਉਸਦੇ ਸਮੁਚੇ ਭਾਈਚਾਰੇ/ ਕੌਮ ਦੀਆਂ ਰੀਝਾਂ ਜਾਂ ਸੁਪਨਿਆਂ ਦਾ ਹਥ ਹੁੰਦਾ ਹੈ।ਗੁਰਬਾਣੀ ਦਾ ਲੋਕ-ਧਾਰਾ, ਸੰਗੀਤ, ਸ਼ਾਇਰੀ ਨਾਲ ਡੂੰਘੇਰਾ ਰਿਸ਼ਤਾ ਹੋਣ ਕਾਰਨ ਇਸ ਦਾ ਸਾਹਿਤਕ-ਪਖ ਗੁਰਬਾਣੀ ਦਰਸ਼ਨ ਦੇ ਸਮਾਨੰਤਰ ਹੀ ਮਹਤਾਯੋਗ ਹੈ, ਜਿਹੜਾ ਬਾਣੀ ਪ੍ਰਵਚਨ ਨੂੰ ਜਗਿਆਸੂ ਦੇ ਹਿਰਦੇ-ਭਾਵ ਤਕ ਸੰਚਾਰਿਤ ਕਰਦਾ ਹੈ।ਸੋ ਗੁਰਬਾਣੀ ਦਾ ਸਾਹਿਤਕ ਰੰਗ, ਇਸਦੇ ਧਰਮ-ਰੰਗ ਦਾ ਹੀ ਦੂਜਾ ਪਾਸਾ ਹੈ।

**ਦਰਜਾ (status)**

ਸਿਖ ਧਰਮ ਵਿਚ 'ਸਬਦ' ਨੂੰ 'ਗੁਰੂ' ਦਾ ਦਰਜਾ ਪ੍ਰਾਪਤ ਹੈ, ਇਸ ਵਿਚ 'ਗੁਰੂ' ਇਕ ਸੰਸਥਾ ਪਖੋਂ ਸਥਾਪਿਤ ਹੈ। ਇਸ ਪਰਿਪੇਖ ਵਿਚ ਗੁਰੂ ਗ੍ਰੰਥ ਸਾਹਿਬ ਦਾ ਦਰਜਾ, ਸਮੁਚੇ ਪੰਥ ਵਿਚ ਸਭ ਤੋਂ ਸ਼੍ਰੋਮਣੀ ਤੇ ਅਤਿ ਸਤਿਕਾਰਯੋਗ ਹੈ। ਇਸ ਦੇ ਰਖ-ਰਖਾਵ ਜਾਂ ਸਾਂਭ ਸੰਭਾਲ ਦਾ ਇਕ ਵਿਉਂਤਬਧ ਸੰਸਥਾਈ ਪ੍ਰਬੰਧ ਹੈ। ਇਸ ਨਾਲ ਇਕ ਵਿਸ਼ੇਸ਼ ਪ੍ਰਕਾਰ ਦੀ ਪਾਵਨਤਾ (sacredness) ਜੁੜੀ ਹੋਈ ਹੈ। ਸਵੇਰੇ ਗੁਰੂ ਗ੍ਰੰਥ ਸਾਹਿਬ ਦਾ 'ਪ੍ਰਕਾਸ਼' ਕੀਤਾ ਜਾਂਦਾ ਹੈ, ਸ਼ਾਮੀ 'ਸੁਖਾਸਨ'। ਪ੍ਰਕਾਸ਼ ਅਸਥਾਨ ਬਾਕਾਇਦਗੀ ਨਾਲ ਸ਼ਾਹੀ ਸੋਭਾ ਵਿਚ ਹਰੇਕ ਗੁਰਦੁਆਰੇ ਵਿਚ ਸੁਭਾਇਮਾਨ ਹੈ, ਜਿਥੇ ਗੁਰੂ ਗ੍ਰੰਥ ਸਾਹਿਬ ਨੂੰ ਪਾਲਕੀ ਵਿਚ ਸਜਾਇਆ ਜਾਂਦਾ ਹੈ, ਚੌਰ ਹੁੰਦਾ ਹੈ ਅਤੇ ਉਪਰ ਚੰਦੋਆ ਸਜਾਇਆ

ਜਾਂਦਾ ਹੈ। ਦਰਬਾਰ ਸਜਦਾ ਹੈ, ਜਿਥੇ ਪਾਠੀ ਤੇ ਸਾਰੀਆਂ ਸੰਗਤਾਂ ਗੁਰੂ ਦੇ ਸਨਮੁਖ ਹੁੰਦੀਆਂ ਹਨ, ਅਖੀਰ ਵਿਚ 'ਹੁਕਮਨਾਮਾ' ਸੁਣਿਆ/ ਲਿਆ ਜਾਂਦਾ ਹੈ।

ਗੁਰਬਾਣੀ ਦੀ ਪ੍ਰੇਰਨਾ ਤੇ ਅਗਵਾਈ ਨਾਲ ਹੀ ਸਿਖ ਇਤਿਹਾਸ ਦਾ ਹਰ ਸ਼ਾਨਦਾਰ ਕਾਂਡ ਲਿਖਿਆ ਗਿਆ ਹੈ। ਅਨੇਕ ਕ੍ਰਾਂਤੀਆਂ ਤੇ ਲਹਿਰਾਂ ਪਿਛੇ 'ਜੂਝ ਮਰਨ ਦਾ ਚਾਓ' ਗੁਰਬਾਣੀ ਦੀ ਸਪਿਰਟ ਨੇ ਹੀ ਕੀਤਾ ਹੈ।ਕੁਲ ਮਿਲਾ ਕੇ ਗੁਰਬਾਣੀ ਇਕ ਸਿਖ ਦੇ ਜੀਵਨ ਦਾ ਜਾਤੀ-ਅਵਚੇਤਨ ਹੈ।

**ਸਾਰ (conclusion)**

ਉਪਰੋਕਤ ਦੇ ਸਾਰ ਵਜੋਂ ਇਹ ਤਥ ਫਿਰ ਦੁਹਰਾਇਆ ਜਾਂਦਾ ਹੈ ਕਿ ਗੁਰਬਾਣੀ ਮੁਖ ਰੂਪ ਵਿਚ ਅਧਿਆਤਮ ਦਾ ਅਨੁਭਵੀ ਕਾਵਿ ਹੈ। ਇਹ ਸਰਬ-ਸਾਂਝੀਵਾਲਤਾ ਦਾ ਪੈਗਾਮ ਹੈ।ਗੁਰਬਾਣੀ ਮਨੁਖ ਨੂੰ ਸੁਚਜਾ ਮਨੁਖ ਬਣਾਉਣ ਲਈ ਕ੍ਰਿਆਸ਼ੀਲ ਹੈ ਅਤੇ ਇਸ ਦਾ ਉਦੇਸ਼ ਮਨੁਖ ਨੂੰ ਸਚ ਦਾ ਧਾਰਨੀ ਬਣਾਉਣਾ ਹੈ।

**ਅਭਿਆਸਾਵਲੀ**

**1. ਯਾਦ ਰਖਣ ਯੋਗ (to remember)**

(1) ਗੁਰਬਾਣੀ ਸੰਕਲਨ ਦੇ ਸੰਕਲਪ ਦਾ ਸੰਬੰਧ ਇਤਿਹਾਸ ਨਾਲ ਹੈ ਅਤੇ ਇਹ ਇਸ ਸਵਾਲ ਨਾਲ ਸੰਬੰਧ ਰਖਦਾ ਹੈ ਕਿ ਗੁਰਬਾਣੀ, ਗੁਰੂ ਅਰਜਨ ਦੇਵ ਜੀ ਤਕ ਕਿਵੇਂ ਪਹੁੰਚੀ ?

(2) ਗੁਰਬਾਣੀ ਦੇ ਸੰਪਾਦਨ ਦਾ ਕਾਰਜ 1601 ਤੋਂ 1604 ਈ. ਤਕ ਤਿੰਨ ਸਾਲਾਂ ਵਿਚ ਸੰਪੂਰਨ ਹੋਇਆ। ਸੰਪਾਦਨਾ ਦਾ ਸਮੁਚਾ ਕਾਰਜ 'ਸੰਮਤ ੧੬੬੧ ਮਿਤੀ ਭਾਦਉ ਵਦੀ ਏਕਮ'; 1 ਅਗਸਤ, 1604 ਈ. ਨੂੰ ਸਮਾਪਤ ਹੋਇਆ।

(3) 16 ਅਗਸਤ 1604 ਈ. ਨੂੰ ਆਦਿ ਬੀੜ ਦਾ ਦਰਬਾਰ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਵਿਖੇ ਪ੍ਰਕਾਸ਼ ਕਰ ਦਿਤਾ ਗਿਆ।

(4) ਪਹਿਲੇ ਪ੍ਰਕਾਸ਼ ਤੇ ਸੇਵਾ-ਸੰਭਾਲ ਦੀ ਸੇਵਾ ਬਾਬਾ ਬੁਢਾ ਜੀ ਨੂੰ ਸੌਂਪੀ ਗਈ।ਪਹਿਲੀ ਵਾਰ ਪ੍ਰਕਾਸ਼ ਕਰਨ ਉਤੇ ਜੋ ਹੁਕਮਨਾਮਾ ਆਇਆ, ਉਹ ਸੀ : *ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ॥...*(ਸੂਹੀ ਮਹਲਾ ੫,੭੮੩-੮੪)।

(5) ਗੁਰੂ ਗੋਬਿੰਦ ਸਿੰਘ ਜੀ ਨੇ ਦਖਣ ਵਿਚ ਨੰਦੇੜ, ਹਜ਼ੂਰ ਸਾਹਿਬ (ਮਹਾਂਰਾਸ਼ਟਰ) ਵਿਖੇ ਜੋਤੀ-ਜੋਤਿ ਸਮਾਉਣ ਤੋਂ ਇਕ ਦਿਨ ਪਹਿਲਾਂ 'ਕਾਰਤਕ ਮਾਸੇ ਸੁਦੀ ਚਉਥ ਸੁਕਲਾ ਪਖੇ

ਬੁਧਵਾਰ ਕੇ ਦਿਹੁੰ...ਸਤਰਾ ਸੈ ਪੈਸਠ' ; 6 ਅਕਤੂਬਰ 1708 ਈ. ਵਿਚ 'ਗ੍ਰੰਥ' ਸਾਹਿਬ ਨੂੰ ਗੁਰਿਆਈ ਦੇ ਕੇ ਗੁਰੂ ਸੰਸਥਾ ਦੇ ਸਰੂਪ ਨੂੰ ਸੰਪੂਰਨ ਕਰ ਦਿਤਾ।

(6) ਗੁਰੂ ਗ੍ਰੰਥ ਸਾਹਿਬ ਦੇ ਕੁਲ ਰਚੈਤਾ/ਬਾਣੀਕਾਰ 35 ਹਨ।

(7) ਬਾਣੀ ਦੇ ਵਡੇਰੇ ਭਾਗ ਨੂੰ ਮੁਖ ੩੧ ਸ਼ੁਧ ਤੇ ੩0 ਮਿਸ਼ਰਤ ਰਾਗਾਂ ਵਿਚ ਵੰਡ ਕੇ ਲਿਖਿਆ ਗਿਆ ਹੈ। ਪਹਿਲਾ ਰਾਗੁ ਸਿਰੀਰਾਗੁ ਹੈ ਅਤੇ ਅੰਤਮ ਇਕਤੀਵਾਂ ਜੈਜਾਵੰਤੀ ਹੈ। ਇਸ ਤਰ੍ਹਾਂ (੩੧ ਸ਼ੁਧ ਤੇ ੩0 ਮਿਸ਼ਰਤ) ਕੁਲ ੬੧ ਰਾਗਾਂ ਵਿਚ ਬਾਣੀ ਹੈ।

(8) ਧਾਰਮਿਕਤਾ ਬਾਣੀ ਦੀ ਕੇਂਦਰੀ ਸੁਰ ਹੈ, ਜਿਸ ਵਿਚ ਪਰਮਸਤਾ, ਨਾਮ, ਹੁਕਮ, ਸ੍ਰਿਸਟੀ, ਜੀਵ, ਮਨ, ਹਉਮੈ ਆਦਿ ਜਿਹੇ ਦੈਵੀ-ਸੰਕਲਪ ਵਿਆਪਕ ਰੂਪ ਵਿਚ ਵਿਦਮਾਨ ਹਨ।ਆਤਮਿਕ ਸਰੋਕਾਰਾਂ ਦੀ ਬਹੁਲਤਾ ਦੇ ਬਾਵਜੂਦ ਇਸ ਵਿਚ ਸਮਾਜ ਦੀਆਂ ਗਲਤ ਕੀਮਤਾਂ ਦੀ ਆਲੋਚਨਾ ਦਾ ਅੰਸ਼ ਵਿਸ਼ੇਸ਼ ਹੈ।

(9) ਗੁਰਬਾਣੀ ਪ੍ਰਕਿਰਤੀ ਵਿਚ ਧਰਮ, ਦਰਸ਼ਨ, ਕਾਵਿ ਤੇ ਸੰਗੀਤ ਦਾ ਅਲੌਕਿਕ ਸੁਮੇਲ ਹੈ।

(10) ਪ੍ਰਕਿਰਤੀ ਵਜੋਂ ਅਸੰਪ੍ਰਦਾਇਕ, ਬਾਣੀ ਮਨੁਖੀ ਜੀਵਨ ਨੂੰ ਸਰਬੰਗੀ ਸੰਤੁਲਨ ਬਖਸ਼ਦੀ ਹੈ। ਇਸ ਨੇ ਰਸਮਾਂ, ਰੀਤਾਂ, ਪਾਖੰਡਾਂ, ਭੇਖਾਂ, ਕਰਮਕਾਂਡਾਂ ਨੂੰ ਪੂਰੀ ਤਰ੍ਹਾਂ ਨਕਾਰਿਆ ਹੈ।

**2. ਪ੍ਰਸ਼ਨਾਵਲੀ ਅਤੇ ਵਿਦਿਆਰਥੀ ਸਪੁਰਦਗੀ ਕਾਰਜ (assignments)**

(1) ਗੁਰਬਾਣੀ ਵਿਚ ਆਏ ਇਤਿਹਾਸਕ ਨਗਰਾਂ (ਕਰਤਾਰਪੁਰ, ਖਾਡੂਰ, ਕਾਸੀ, ਲਾਹੌਰ...) ਦੀ ਹਵਾਲਿਆਂ ਸਹਿਤ ਸੂਚੀ ਤਿਆਰ ਕਰੋ ।

(2) ਗੁਰਬਾਣੀ ਸੰਕਲਨ ਦੇ ਸੰਕਲਪ ਦਾ ਇਤਿਹਾਸਕ ਵੇਰਵਾ ਦਿਉ।

(3) ਗੁਰੂ ਗ੍ਰੰਥ ਸਾਹਿਬ ਦੀ ਗੁਰਿਆਈ ਸੰਬੰਧੀ ਤਵਾਰੀਖੀ ਹਵਾਲਿਆਂ ਦੀ ਸੂਚੀ ਤਿਆਰ ਕਰੋ।

(4) ਗੁਰਬਾਣੀ ਦੇ 31 ਰਾਗਾਂ ਦੇ ਰਾਗ-ਚਿਤਰ ਤਿਆਰ ਕਰੋ।

(5) ਗੁਰਬਾਣੀ ਦੇ ਸਰੂਪ ਬਾਰੇ ਇਕ ਨੋਟ ਤਿਆਰ ਕਰੋ।

(6) ਗੁਰਬਾਣੀ ਦੇ ਕਿਸੇ 3 ਬਾਣੀਕਾਰਾਂ ਦਾ ਸੰਖਿਪਤ ਜੀਵਨ ਬਿਉਰਾ ਤਿਆਰ ਕਰੋ।

(7) ਗੁਰਬਾਣੀ ਵਿਚ ਆਏ ਸੰਗੀਤਕ ਸੰਕੇਤਾਂ (ਵਾਜਾ, ਪਖਾਵਜ...) ਦੀਆਂ ਤਸਵੀਰਾਂ ਬਣਾਓ।

**3. ਚੋਣ ਪ੍ਰਸ਼ਨ (MCQ)**

1. ਗੁਰੂ ਗ੍ਰੰਥ ਸਾਹਿਬ ਵਿਚ ਕਿੰਨੇ ਸਿਖਾਂ ਦੀ ਬਾਣੀ ਦਰਜ ਹੈ ?

(ੳ) 5 (ਅ) 7

**(ੲ) 3** (ਸ) 2

2. ਸਿਧ ਗੋਸਟਿ ਬਾਣੀ ਕਿਸ ਰਾਗ ਵਿਚ ਹੈ ?

**(ੳ) ਰਾਮਕਲੀ** (ਅ) ਵਡਹੰਸ

(ੲ) ਬਿਲਾਵਲ (ਸ) ਭੈਰਵੀ

3. ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਕਿਸ ਗੁਰੂ ਸਾਹਿਬ ਨੇ ਦਿਤੀ ।

(ੳ) ਗੁਰੂ ਨਾਨਕ ਦੇਵ ਜੀ (ਅ) ਗੁਰੂ ਅਮਰਦਾਸ ਜੀ

(ੲ) ਗੁਰੂ ਤੇਗ ਬਹਾਦਰ ਜੀ **(ਸ) ਗੁਰੂ ਗੋਬਿੰਦ ਸਿੰਘ ਜੀ**

4. ਗੁਰੂ ਨਾਨਕ ਦੇਵ ਜੀ ਦੀ ਬਾਣੀ ਬਾਰਹਮਾਹਾ ਕਿਸ ਰਾਗ ਵਿਚ ਹੈ ?

**(ੳ) ਤੁਖਾਰੀ** (ਅ) ਬਿਲਾਵਲ

(ੲ) ਮਾਝ (ਸ) ਜੈਜਾਵੰਤੀ

5. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਗਉੜੀ ਕਿੰਨੇ ਪ੍ਰਕਾਰ ਦੀ ਮਿਲਦੀ ਹੈ ?

(ੳ) 10 (ਅ) 9

(ੲ) 14 **(ਸ) 11**

6. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਬਾਣੀਕਾਰਾਂ ਨੇ ਆਪਣੇ ਅਧਿਆਤਮਕ ਅਨੁਭਵ ਨੂੰ ਸਾਹਿਤਕ ਪਖੋਂ ਕਿਸ ਰੂਪ ਵਿਚ ਪ੍ਰਗਟ ਕੀਤਾ ਹੈ ?

(ੳ) ਨਾਵਲ (ਅ) ਕਹਾਣੀ

(ੲ) ਲੇਖ **(ਸ) ਕਾਵਿ**

7. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮੌਸਮੀ ਰਾਗੁ ਕਿਹੜੇ-ਕਿਹੜੇ ਹਨ ?

(ੳ) ਆਸਾ, ਸੂਹੀ, ਗਉੜੀ

**(ਅ) ਬਸੰਤੁ, ਮਲਾਰ, ਸਾਰੰਗ**

(ੲ) ਪ੍ਰਭਾਤੀ, ਜੈਜਾਵੰਤੀ, ਸਿਰੀਰਾਗੁ

(ਸ) ਰਾਮਕਲੀ, ਗੂਜਰੀ, ਬਸੰਤੁ

8. ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਿਚ ਮੂਲ ਮੰਤ੍ਰ ਦੇ ਕਿੰਨੇ ਰੂਪ ਮਿਲਦੇ ਹਨ ?

(ੳ) 5 (ਅ) 3

**(ੲ) 4** (ਸ) 6

9. ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲਿਖਾਰੀ ਪਹਿਲੇ ਹਨ :

(ੳ) ਭਾਈ ਮਨੀ ਸਿੰਘ **(ਅ) ਭਾਈ ਗੁਰਦਾਸ ਜੀ**

(ੲ) ਭਾਈ ਮਰਦਾਨਾ ਜੀ (ਣ) ਭਾਈ ਬਿਧੀ ਚੰਦ ਜੀ

10. ਗੁਰੂ ਗ੍ਰੰਥ ਸਾਹਿਬ ਦਾ ਸਾਰੰਸ਼ ਕਿਸ ਬਾਣੀ ਨੂੰ ਪਰਵਾਨਿਆ ਗਿਆ ਹੈ ?

(ੳ) ਸੁਖਮਨੀ ਸਾਹਿਬ (ਅ) ਆਨੰਦੁ ਸਾਹਿਬ

**(ੲ) ਜਪੁ ਜੀ ਸਾਹਿਬ** (ਸ) ਜਾਪੁ ਸਾਹਿਬ

----------------------------------

*#ਗੁਰਮੇਲ ਸਿੰਘ(ਡਾ.)*

*ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ,ਪਟਿਆਲਾ ਮੋਬਾ. 82838 25439.*